# ਨਰਸਿਸ ਡਾਇਰੀ

DIL Walk
from our heart to yours



ਸਿੱਧੇ ਲੇਟਣ ਵਿੱਚ ਕੋਈ ਦਿੱਕਤ ਨਹੀਂ ਹੈ, ਅਚਾਨਕ ਭਾਰ ਵਧਣ ਦਾ ਮਤਲਬ ਹੈ ਕਿ ਉਹ ਦਵਾਈਆਂ ਘੱਟ ਜਾ ਬੰਦ ਕਰ ਸਕਦੇ ਹਨ। ਇਸ ਦਾ ਕੋਈ ਫ਼ਰਕ ਨਹੀਂ ਕਿ ਮੈਂ ਕਿੰਨੀ ਵਾਰ ਗੱਲ ਦੁਹਰਾਈ ਹੈ, ਮੈਂ ਹਮੇਸ਼ਾ ਉਹਨਾਂ ਨੂੰ ਕਿਹਾ ਹੈ ਕਿ ਕਾਰਡੀਐਕ ਮੈਡੀਕੇਸ਼ਨ (ਦਿਲ ਦੇ ਰੋਗ ਦੀਆਂ ਦਵਾਈਆਂ) ਉਸ ਸਮੇਂ ਹੀ ਨਹੀਂ ਲਿਖੀਆਂ ਜਾਂਦੀਆਂ ਜਦੋਂ ਉਹਨਾਂ ਦੇ ਲੱਛਣ ਮੌਜੂਦ ਹੋਣ ਸਗੋਂ ਇਸ ਨਾਲ ਸਥਿਤੀ ਹੋਰ ਗੁੰਝਲਦਾਰ ਨਹੀਂ ਹੁੰਦੀ ਅਤੇ ਅਜਿਹੇ ਲੱਛਣ ਪੈਦਾ ਨਹੀਂ ਹੁੰਦੇ ਜਿਸ ਨਾਲ ਕਿ ਤੁਹਾਨੂੰ ਹਸਪਤਾਲ ਦਾਖਲ ਹੋਣਾ ਪੈ ਜਾਵੇ।

ਹਸਪਤਾਲ ਵਿਚ ਦਾਖਲ ਹੋਣ ਤੋਂ ਰੋਕਿਆ ਜਾ ਸਕਦਾ ਹੈ ਜੇ ਸਿਰਫ ਦਿਲ ਫੇਲ੍ਹ ਹੋਣ ਦੀ ਘਟਨਾ ਨੂੰ ਠੀਕ ਢੰਗ ਨਾਲ ਨਜਿੱਠ ਲਿਆ ਜਾਵੇ ਅਤੇ ਇਸ ਵਿੱਚ ਇਹ ਵੀ ਸ਼ਾਮਲ ਹੈ ਕਿ ਸਾਡੇ ਕਿਲਿਨਿਕ ਨਾਲ ਸੰਪਰਕ ਕਰੋ। ਜਿੰਨੀ ਛੇਤੀ ਤੁਹਾਨੂੰ ਪਤਾ ਲੱਗ ਜਾਵੇ ਕਿ ਦਿਲ ਦਾ ਰੋਗ ਹੈ, ਉਤਨਾ ਹੀ ਚੰਗਾ ਹੈ। ਬਿਮਾਰੀ ਵਧਣ ਦੀ ਉਡੀਕ ਨਾ ਕਰੋ। ਆਪਣੀਆਂ ਮਿੱਥੀਆਂ ਤਾਰੀਖਾਂ /ਤੇ ਸਮੇਂ ਸਿਰ ਪਹੁੰਚਣਾ ਚਾਹੀਦਾ ਹੈ ਅਤੇ ਮੈਨੂੰ ਹਰ 2 ਮਹੀਨੇ ਬਾਦ ਮਿਲਣਾ ਚਾਹੀਦਾ ਹੈ, ਫਾਲੋ ਅਪ ਕਰੋ ਅਤੇ ਕਾਰਦਿਓਲੋਜਿਸਟ ਨਾਲ 3-6 ਮਹੀਨਿਆਂ ਵਿੱਚ ਆਪਣੇ ਹੈਲਥ ਕੇਅਰ ਪ੍ਰੋਵਾਈਡਰ ਦੀਆਂ ਸਿਫਾਰਿਸ਼ਾਂ'ਤੇ ਜ਼ਰੂਰ ਮਿਲੋ।

ਲੱਖਾਂ ਹੀ ਕੈਨੇਡੀਅਨ ਲੋਕ ਦਿਲ ਫੇਲ੍ਹ ਹੋਣ ਦੀ ਬਿਮਾਰੀ ਨਾਲ ਜੀ ਰਹੇ ਹਨ। ਇਹ ਬਹੁਤ ਉਲਝਣ-ਦਾਰ, ਗੁੰਝਲਦਾਰ, ਮਾਰੂ ਅਤੇ ਭੁਲੇਖਾ ਪਾਊ ਬਿਮਾਰੀ ਹੈ। ਇਸ ਦੀ ਸਮਝ ਜਲਦੀ ਨਹੀਂ ਆਉਂਦੀ। ਜਿਸ ਨੂੰ ਵੀ ਦਿਲ ਦੀ ਬਿਮਾਰੀ ਹੈ, ਲਗਪਗ ਹਰ ਉਸ ਵਿਅਕਤੀ ਨੂੰ ਦਿਲ ਫੇਲ੍ਹ ਹੋਣ ਦੀ ਬਿਮਾਰੀ ਹੋ ਜਾਂਦੀ ਹੈ। ਇਸ ਨਾਲ ਮਰੀਜ਼ ਅਤੇ ਉਸ ਦੇ ਘਰ ਵਾਲੇ ਥੱਕ ਜਾਂਦੇ ਹਨ ਅਤੇ ਹਰ ਸਮੇਂ ਉਹਨਾਂ ਨੂੰ ਇਸ ਬਿਮਾਰੀ ਦਾ ਡਰ ਹੀ ਲੱਗਿਆ ਰਹਿੰਦਾ ਹੈ, ਇਸ ਨਾਲ ਹੈਲਥ ਕੇਅਰ ਸਿਸਟਮ ਉੱਤੇ ਵੀ ਗੰਭੀਰ ਦਬਾਅ ਪਿਆ ਰਹਿੰਦਾ ਹੈ। ਚੈਰੀਟੇਬਲ ਅਧਾਰ 'ਤੇ ਚੱਲਣ ਵਾਲੇ ਹਾਰਟ ਫੰਕਸ਼ਨ ਕਲਿਨਿਕ ਦੀ ਨਰਸ ਹੋਣ ਦੇ ਨਾਤੇ ਜਿੱਥੋਂ ਤੱਕ ਮੇਰੀ ਸਲਾਹ ਦਾ ਸੰਬੰਧ ਹੈ, ਮੇਰਾ ਕਹਿਣਾ ਹੈ ਕਿ ਸਰਕਾਰ ਇੱਕ ਵੱਡੀ ਭੂਮਿਕਾ ਨਿਭਾ ਸਕਦੀ ਹੈ ਜੇ ਉਹ ਦਿਲ ਦੀ ਬਿਮਾਰੀ ਸੰਬੰਧੀ ਫੰਡਿੰਗ ਜਾਰੀ ਕਰਕੇ ਇਸ ਦਾ ਪ੍ਰਚਾਰ ਚੋਖਾ ਕਰਨ ਵਿੱਚ ਸਾਡੀ ਮਦਦ ਕਰ ਸਕੇ ਅਤੇ ਅਸੀਂ ਵਧੇਰੇ ਸੈਮੀਨਾਰ, ਕਸਰਤੀ ਪ੍ਰੋਗਰਾਮ ਅਤੇ ਕੰਸਲਟੇਸ਼ਨ ਸੈਸ਼ਨ ਆਦਿ ਵਧਾ ਸਕੀਏ।

